# ਭਗਤ ਕਬੀਰ - ਸਬਦ ੧੧

## ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

### ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੪

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥
ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥

ਸਾਰ: ਜਾਤ, ਵਰਗ ਅਤੇ ਕੁਲ ਦੀ ਪਹਿਚਾਣ ਪ੍ਰਦਾਨ ਕਰਨ ਵਾਲੇ ਚਿੰਨ੍ਹ ਮਨੁੱਖੀ ਬਣਤਰ ਹਨ – ਇਹ ਸਮਾਜ ਨੂੰ ਸੰਗਠਿਤ ਕਰਨ ਲਈ ਬਣਾਏ ਗਏ ਅਜਿਹੇ ਸੰਦ ਹਨ, ਜਿਨ੍ਹਾਂ ਦੀ ਦੁਰਵਰਤੋਂ ਅਕਸਰ ਪਦ-ਪਦਵੀ ਨਿਰਧਾਰਿਤ ਕਰਨ ਅਤੇ ਸਮਾਜਿਕ ਵੰਡੀਆਂ ਪਾਉਣ ਲਈ ਕੀਤੀ ਜਾਂਦੀ ਹੈ। ਪਰ ਰੂਹਾਨੀ ਖੰਡ ਵਿਚ ਅਜਿਹੇ ਢਾਂਚੇ ਬੇ-ਬੁਨਿਆਦੀ ਹਨ ਜੋ ਸਾਨੂੰ ਆਲੋਚਨਾਤਮਕ ਤੌਰ 'ਤੇ ਸੋਚਣ ਅਤੇ ਵਿਰਾਸਤ ਵਿਚ ਪ੍ਰਾਪਤ ਧਾਰਨਾਵਾਂ ਅਤੇ ਵਿਸ਼ਵਾਸਾਂ ਨੂੰ ਛੱਡਣ ਲਈ ਕਹਿੰਦੇ ਹਨ। ਆਤਮ-ਪੜਚੋਲ ਦਾ ਰਸਤਾ ਕਿਸੇ ਪਦਵੀ, ਰਸਮੀ-ਕਰਮਕਾਂਡ, ਜਾਂ ਬੰਸਾਵਲੀ ਨਾਲ ਨਹੀਂ ਬਲਕਿ ਗਲਤ ਧਾਰਨਾਵਾਂ ਨੂੰ ਦੂਰ ਕਰਨ ਨਾਲ ਸ਼ੁਰੂ ਹੁੰਦਾ ਹੈ। ਇਕ ਕ੍ਰਾਂਤੀਕਾਰੀ ਰੂਹਾਨੀ ਚਿੰਤਕ ਇਹਨਾਂ ਸਮਾਜਿਕ ਅਤੇ ਧਾਰਮਿਕ ਢਾਂਚਿਆਂ ਦੇ ਨੁਕਸਾਨ ਅਤੇ ਤੱਥਹੀਨਤਾ ਨੂੰ ਉਜਾਗਰ ਕਰਦਾ ਹੈ, ਉਹ ਇਹਨਾਂ ਨੂੰ ਹਉਮੈ ਕੇਂਦਰਿਤ ਭਰਮਾਂ ਵਜੋਂ ਪ੍ਰਗਟ ਕਰਦਾ ਹੈ, ਜੋ ਸਾਨੂੰ ਆਪਣੇ ਮੂਲ-ਤੱਤ ਦੀ ਪੜਚੋਲ ਨਹੀਂ ਕਰਨ ਦਿੰਦੇ। ਸੱਚੀ ਕੁਲੀਨਤਾ ਖ਼ੂਨ ਰਾਹੀਂ ਨਹੀਂ ਸਗੋਂ ਗੂੜ ਰੂਹਾਨੀ ਚਿੰਤਨ ਵਿਚੋਂ ਪੈਦਾ ਹੁੰਦੀ ਹੈ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥

ਗਰਭ ਵਿਚ ਪਲ ਰਹੇ ਭਰੂਣ ਦਾ ਕੋਈ ਵੰਸ਼ ਜਾਂ ਸਮਾਜਿਕ ਦਰਜਾ ਨਹੀਂ ਹੁੰਦਾ।

ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥

ਸਾਰੀ ਸ੍ਰਿਸ਼ਟੀ ਇਕੋ ਸਰਵਵਿਆਪੀ ਊਰਜਾ ਤੋਂ ਉਤਪੰਨ ਹੁੰਦੀ ਹੈ। (੧)

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥

ਹੇ ਵਿਦਵਾਨ, ਮੈਨੂੰ ਸਮਝਾਓ, ਤੁਸੀਂ ਕਦੋਂ ਤੋਂ ਇਸ ਉੱਚੀ ਜਾਤੀ ਦੀ ਪਦਵੀ 'ਤੇ ਹੋ?

ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥

ਵਾਰ-ਵਾਰ ਆਪਣੇ ਆਪ ਨੂੰ ਸਭ ਤੋਂ ਉੱਤਮ ਹੋਣ ਦਾ ਦਾਅਵਾ ਕਰਦੇ ਹੋਏ, ਆਪਣੀ ਜ਼ਿੰਦਗੀ ਬਰਬਾਦ ਨਾ ਕਰੋ। (੧)(ਠਹਿਰਾਉ)

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥

ਜੇਕਰ ਤੁਸੀਂ ਉੱਤਮ ਹੋ ਅਤੇ ਉੱਚ ਜਾਤੀ ਮਾਂ ਦੀ ਕੁਖ ਤੋਂ ਪੈਦਾ ਹੋਏ ਹੋ,

ਤਉ ਆਨ ਬਾਟ ਕਾਹੇ ਨਹੀ ਆਇਆ ॥੨॥

ਫਿਰ ਤੁਸੀਂ ਇਸ ਦੁਨੀਆਂ ਵਿਚ ਕਿਸੇ ਹੋਰ ਰਸਤੇ ਕਿਉਂ ਨਹੀਂ ਆਏ? (੨)

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥

ਤੁਹਾਨੂੰ ਕਿਸ ਤਰ੍ਹਾਂ ਉੱਚ ਜਾਤੀ ਵਾਲਾ ਹੋਣ ਕਾਰਣ ਵੱਡਾ ਸਮਝਿਆ ਜਾਂਦਾ ਹੈ, ਅਤੇ ਮੈਨੂੰ ਨੀਵੀਂ ਜਾਤੀ ਵਾਲਾ ਹੋਣ ਕਾਰਣ ਨੀਵਾਂ ਸਮਝਿਆ ਜਾਂਦਾ ਹੈ?

ਹਮ ਕਤ ਲੋਹੂ ਤੁਮ ਕਤ ਦੂਧ ॥੩॥

ਕੀ ਮੈਂ ਖ਼ੂਨ ਤੋਂ ਅਤੇ ਤੁਸੀਂ ਦੁੱਧ ਤੋਂ ਬਣੇ ਹੋ? (੩)

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥

ਕਬੀਰ ਕਹਿੰਦੇ ਹਨ ਕਿ ਜੋ ਲੋਕ ਸ੍ਰਿਸ਼ਟੀ ਦੀ ਏਕਤਾ ਨੂੰ ਹੋਂਦ ਦੇ ਸੱਚ ਵਜੋਂ ਵਿਚਾਰਦੇ ਹਨ,

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥

ਸਾਡੀ ਕੁਲ ਵਿਚ ਸਿਰਫ਼ ਉਨ੍ਹਾਂ ਨੂੰ ਹੀ ਕੁਲੀਨ ਵਰਗ ਦੀ ਉੱਚ ਜਾਤੀ ਵਾਲੇ ਕਿਹਾ ਜਾ ਸਕਦਾ ਹੈ। (੪)(੭)

ਤੱਤ: ਭਗਤ ਕਬੀਰ ਸਮਾਜਿਕ ਅਤੇ ਧਾਰਮਿਕ ਦਰਜਾਬੰਦੀ ਦੀਆਂ ਫੈਲੀਆਂ ਡੂੰਘੀਆਂ ਜੜ੍ਹਾਂ ਦੇ ਭਰਮਮਈ ਜਾਲ ਨੂੰ ਚੁਣੌਤੀ ਦਿੰਦੇ ਹਨ। ਉਹ ਜਨਮ ਅਧਾਰਿਤ ਉੱਤਮਤਾ ਦੇ ਵਿਚਾਰ ਦਾ ਵਿਰੋਧ ਕਰਦੇ ਹੋਏ, ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਰੇ ਜੀਵ ਇਕੋ ਸਰੋਤ ਤੋਂ ਆਉਂਦੇ ਹਨ। ਪਰਿਵਾਰਕ ਪਿਛੋਕੜ ਜਾਂ ਸਮਾਜਿਕ ਰੁਤਬੇ ਦੀ ਪਰਵਾਹ ਕੀਤੇ ਬਿਨਾਂ ਵੇਖੀਏ ਤਾਂ ਸਾਡੀ ਸਰੀਰਕ ਬਣਤਰ ਇਕੋ ਜਿਹੀ ਹੈ, ਅਸੀਂ ਇੱਕੋ ਤਰੀਕੇ ਨਾਲ ਪੈਦਾ ਹੁੰਦੇ ਹਾਂ, ਜੋ ਮਾਂ ਦੀ ਕੁੱਖ ਰਾਹੀਂ ਹੀ ਪਨਪਦਾ ਹੈ। ਇਹ ਤੱਥ ਪੁਰਖਿਆਂ ਦੀ ਮੂਲ ਸ਼ੁੱਧਤਾ ਜਾਂ ਵਿਰਾਸਤ ਰਾਹੀਂ ਮਿਲੀ ਉੱਤਮਤਾ ਦੀ ਧਾਰਨਾ ਨੂੰ ਅਰਥਹੀਣ ਬਣਾਉਂਦਾ ਹੈ। ਸਾਡਾ ਅਸਲ ਮੂਲ, ਪਹਿਚਾਣ ਤੋਂ ਪਰੇ ਹੈ, ਜੋ ਸਵਾਲ ਉਠਾਉਂਦਾ ਹੈ: ਜੇਕਰ ਅਸੀਂ ਸਾਰੇ ਇਕੋ ਜੈਵਿਕ ਪ੍ਰਕਿਰਿਆ ਰਾਹੀਂ ਪੈਦਾ ਹੋਏ ਹਾਂ, ਤਾਂ ਉਹ ਕੀ ਹੈ ਜੋ ਕਿਸੇ ਦੇ ਜਨਮ ਨੂੰ ਪਵਿੱਤਰ ਬਣਾਉਂਦਾ ਹੈ? ਸਮਾਜਿਕ ਜਾਂ ਧਾਰਮਿਕ ਖੇਤਰ ਵਿਚ ਉੱਤਮਤਾ ਨੂੰ ਅਸਲ ਵਿਚ ਕੀ ਪਰਿਭਾਸ਼ਿਤ ਕਰਦਾ ਹੈ? ਜੋ ਲੋਕ ਵੰਨ-ਸੁਵੰਨਤਾ ਵਿਚ ਏਕਤਾ ਦੀ ਸੱਚਾਈ ਨੂੰ ਸਮਝਦੇ ਹੋਏ ਉਸ ਅਨੁਸਾਰ ਜੀਉਂਦੇ ਹਨ, ਉਹ ਇਸ ਮਾਨਤਾ ਅਤੇ ਰੁਤਬੇ ਦੇ ਹੱਕਦਾਰ ਹਨ। ਭਗਤ ਕਬੀਰ ਚੇਤਾਵਨੀ ਦਿੰਦੇ ਹਨ ਕਿ ਬੌਧਿਕ ਹੰਕਾਰ ਜਾਂ ਧਾਰਮਿਕ ਉਚਮਤਾ ਸਾਡੀ ਪਛਾਣ ਨੂੰ ਤਰਾਸ਼ਣ ਵਾਲੀ ਸਾਡੀ ਸਵੈ-ਜਾਗਰੂਕਤਾ ਨੂੰ ਧੁੰਦਲਾ ਕਰ ਦਿੰਦੀ ਹੈ ਅਤੇ ਜੀਵਨ ਰੂਪੀ ਕੀਮਤੀ ਉਪਹਾਰ ਨੂੰ ਬਰਬਾਦ ਕਰ ਦਿੰਦੀ ਹੈ।

---

ਪਹਿਲਕਦਮੀ

**Oneness In Diversity Research Foundation**

ਵੈੱਬਸਾਈਟ**: [OnenessInDiversity.com](OnenessInDiversity.com)**

ਈਮੇਲ**: onenessindiversityfoundation@gmail.com**